# ਐਲਾਨ-ਨਾਮਾ

# ਅਤੇ

# ਸੰਵਿਧਾਨ

## ਇਹ ਸੰਵਿਧਾਨ 8 ਅਗਸਤ 2021 ਨੂੰ ਹੋਏ ਸੁਬਾਈ ਡੈਲੀਗੇਟ ਅਜਲਾਸ ਵਿੱਚ ਸੋਧਾਂ ਸਮੇਤ ਪਾਸ ਕੀਤਾ ਗਿਆ।

**ਪ੍ਰਕਾਸ਼ਕ:**

ਤਰਕਸ਼ੀਲ ਸੁਸਾਇਟੀ ਪੰਜਾਬ

ਮੁੱਖ ਦਫ਼ਤਰ ਤਰਕਸ਼ੀਲ ਭਵਨ, ਤਰਕਸ਼ੀਲ ਚੌਂਕ,

ਸੰਘੇੜਾ ਬਾਈ ਪਾਸ, ਬਰਨਾਲਾ (ਪੰਜਾਬ) ਰਜ਼ਿ: ਨੰਬਰ 76

**ਮੋਬ. 98769-53561, 01679-241466**
www.tarksheel.org, E-mail: tarkshiloffice@gmail.com

# ਐਲਾਨ-ਨਾਮਾ

ਅਨੰਤ ਕਾਲ ਤੋਂ ਮੌਜੂਦ ਪਦਾਰਥ ਦੇ ਕੁੱਝ ਹਿੱਸੇ ਦਾ ਧਰਤੀ ਵਿੱਚ ਵਟਣ ਸਮੇਂ ਤੋਂ ਲੈ ਕੇ ਅੱਜ ਤੱਕ ਇਸ ਉੱਪਰ ਲਗਾਤਾਰ ਭੌਤਿਕ, ਰਸਾਇਣਕ ਅਤੇ ਜੈਵਿਕ ਪਰਿਵਰਤਨ ਹੋ ਰਹੇ ਹਨ: ਜਿਵੇਂ- ਮੀਂਹ ਪੈਣਾ, ਹਨੇਰੀ ਚੱਲਣੀ, ਭੁਚਾਲ ਆਉਣਾ ਜੰਗਲਾਂ ਨੂੰ ਅਚਾਨਕ ਅੱਗ ਲੱਗਣਾ, ਜਵਾਲਾਮੁਖੀ ਵਿਸਫੋਟ ਆਦਿ। ਪੁਰਾਤਨ ਸਮੇਂ ਵਿੱਚ ਮਨੁੱਖ ਨੇ ਜਦੋਂ ਅਜਿਹੀਆਂ ਘਟਨਾਵਾਂ ਦੇਖੀਆਂ ਤਾਂ ਉਸਨੂੰ ਬਹੁਤ ਅਜੀਬ ਲੱਗੀਆਂ। ਉਸ ਸਮੇਂ ਗਿਆਨ ਦੀ ਘਾਟ ਹੋਣ ਕਾਰਨ ਇਹਨਾਂ ਘਟਨਾਵਾਂ ਦੇ ਵਾਪਰਨ ਦੇ ਅਸਲੀ ਕਾਰਨ ਮਨੁੱਖ ਨੂੰ ਸਮਝ ਨਹੀਂ ਆਏ। ਜਿਸ ਕਰਕੇ ਮਨੁੱਖ ਨੇ ਆਪਣੀ ਅਤਿ-ਸੀਮਤ ਸੋਚਣ ਸ਼ਕਤੀ ਅਨੁਸਾਰ ਇਹਨਾਂ ਘਟਨਾਵਾਂ ਦੇ ਵਾਪਰਨ ਦਾ ਕਾਰਨ ਕਲਪਨਾ 'ਤੇ ਅਧਾਰਿਤ ਦੇਵੀ-ਦੇਵਤਿਆਂ ਨੂੰ ਮਿੱਥ ਲਿਆ, ਜਿਵੇਂ ਮੀਂਹ ਲਈ ਇੰਦਰ ਦੇਵਤਾ, ਅੱਗ ਲਈ ਅਗਨੀ ਦੇਵਤਾ ਆਦਿ। ਭਾਵ ਜੋ ਕੁਝ ਵੀ ਆਲੇ ਦੁਆਲੇ ਵਾਪਰਦਾ ਹੈ ਇਸਦੇ ਜਿੰਮੇਵਾਰ, ਵੱਖ-ਵੱਖ ਸਥਾਨਾਂ ਤੇ ਰਹਿੰਦੇ ਮਨੁੱਖਾਂ ਨੇ ਆਪੋ-ਆਪਣੀ ਕਲਪਨਾ ਅਨੁਸਾਰ, ਵੱਖੋ-ਵੱਖ ਸ਼ਕਲਾਂ ਵਾਲੇ ਦੇਵਤਿਆਂ, ਰੱਬ ਦੀ ਕਲਪਨਾ ਕੀਤੀ।

ਇੱਕ ਪੜਾਅ ਤੋਂ ਦੂਸਰੇ ਪੜਾਅ ਵੱਲ ਜਦੋਂ ਮਨੁੱਖ ਵਿਕਾਸ ਕਰਦਾ ਗਿਆ ਤਾਂ ਉਸ ਸਾਹਮਣੇ ਨਵੀਆਂ ਮੁਸ਼ਕਲਾਂ ਪੈਦਾ ਹੋਣ ਲੱਗੀਆਂ। ਕਈ ਵਾਰ ਖਤਰਨਾਕ ਬਿਮਾਰੀਆਂ ਫੈਲ ਜਾਂਦੀਆਂ, ਜਿਨ੍ਹਾਂ ਦੇ ਸਿੱਟੇ ਵਜੋਂ ਬਹੁਤ ਸਾਰੇ ਪਸ਼ੂ ਮਾਰੇ ਜਾਂਦੇ। ਵਰਖਾ ਨਾ ਪੈਣ ਕਾਰਨ ਫਸਲ ਖਰਾਬ ਹੋ ਜਾਂਦੀ। ਪੈਦਾਵਾਰ ਵੱਧ ਜਾਣ ਨਾਲ ਮਨੁੱਖੀ ਕਬੀਲਿਆਂ ਵਿੱਚ ਪੈਦਾਵਾਰ ਵੰਡਣ ਲਈ ਲੜਾਈ-ਝਗੜੇ ਹੋਣੇ ਸ਼ੁਰੂ ਹੋਏ। ਵੱਧ ਸ਼ਕਤੀਸ਼ਾਲੀ ਕਬੀਲਾ ਕਮਜ਼ੋਰ ਕਬੀਲਿਆਂ ਨੂੰ ਆਪਣੇ ਗੁਲਾਮ ਬਨਾਉਣ ਲੱਗ ਪਿਆ। ਇਸ ਕਾਰਨ ਉਪਰੋਕਤ ਆਫ਼ਤਾਂ ਅਤੇ ਸਮਾਜਿਕ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ, ਇਨ੍ਹਾਂ ਦੇ ਅਸਲੀ ਹੱਲ ਲੱਭਣ ਦੀ ਸਮਰੱਥਾ ਨਾ ਹੋਣ ਕਾਰਣ ਮਨੁੱਖ ਨੇ ਆਪਣੀ ਮਾਨਸਿਕ ਤਸੱਲੀ ਕਰਨ ਲਈ ਕਲਪਨਾ 'ਤੇ ਆਧਰਿਤ ਕਾਲਪਨਿਕ ਦੇਵੀ-ਦੇਵਤਿਆਂ ਅਤੇ ਰੱਬ ਅੱਗੇ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ।

ਕਬੀਲੇ ਦੇ ਕਿਸੇ ਮਹੱਤਵਪੂਰਨ ਆਦਮੀ ਨੂੰ ਪ੍ਰਾਰਥਨਾ ਕਰਨ ਦਾ ਕੰਮ ਸੌਂਪਿਆ ਗਿਆ। ਕਬੀਲਿਆਂ ਦੇ ਵੱਖ-ਵੱਖ ਵਿਅਕਤੀਆਂ ਦੁਆਰਾ ਕੀਤੀ ਜਾਂਦੀ ਪ੍ਰਾਰਥਨਾ ਹੀ ਅੱਗੇ ਜਾ ਕੇ ਜਾਦੂ-ਟੂਣੇ ਅਤੇ ਤਵੀਤਾਂ ਆਦਿ ਦੇ ਰੂਪ ਵਿੱਚ ਬਦਲ ਗਈ। ਜਾਦੂ-ਟੂਣੇ, ਧਾਗੇ ਤਵੀਤਾਂ ਦਾ ਕੰਮ ਸੌਖਾ ਅਤੇ ਲੋਕਾਂ ਵਿੱਚ ਵੱਧ ਸਤਿਕਾਰ ਵਾਲਾ ਸੀ। ਇਸ ਲਈ ਕੁਝ ਲੋਕਾਂ ਨੇ ਇਸਨੂੰ ਧੰਦੇ ਵਜੋਂ ਅਪਣਾਅ ਲਿਆ। ਇਸ ਨਾਲ ਸਮਾਜ ਦੇ ਕੁਝ ਪਖੰਡੀ ਲੋਕ ਮਿਹਨਤੀ ਲੋਕਾਂ ਦੀ ਕਮਾਈ 'ਤੇ ਗੁਜਾਰਾ ਕਰਨ ਲੱਗ ਪਏ। ਇਨ੍ਹਾਂ ਲੋਕਾਂ ਨੇ ਆਪਣਾ ਧੰਦਾ ਲਗਾਤਾਰ ਚਲਦਾ ਰੱਖਣ ਲਈ ਮਿਹਨਤੀ ਲੋਕਾਂ ਨੂੰ ਤਰ੍ਹਾਂ-ਤਰ੍ਹਾਂ ਦੇ ਵਹਿਮਾਂ-ਭਰਮਾਂ ਵਿੱਚ ਪਾਇਆ।

ਵੱਖ-ਵੱਖ ਸਮਿਆਂ 'ਤੇ ਚੱਲੀਆਂ ਸੁਧਾਰਕ ਲਹਿਰਾਂ ਜਾਂ ਸਮੇਂ ਦੇ ਸਮਕਾਲੀ ਚਿੰਤਕਾਂ ਵੱਲੋਂ ਦਿੱਤੇ ਗਏ ਵਿਚਾਰ ਜੋ ਅੱਗੇ ਜਾ ਕੇ ਪੂਜਣਯੋਗ ਜਾਂ ਪਵਿੱਤਰਤਾ ਦਾ ਦਰਜਾ ਅਖਤਿਆਰ ਕਰ ਜਾਣ 'ਤੇ ਧਰਮਾਂ ਦਾ ਰੂਪ ਧਾਰਨ ਕਰਦੇ ਗਏ। ਕੋਈ ਵੀ ਵਿਚਾਰ ਜਾਂ ਲਹਿਰ ਜਦੋਂ ਅਲੋਚਨਾ ਦੀਆਂ ਹੱਦਾਂ ਤੋਂ ਬਾਹਰ ਨਿਕਲ ਜਾਵੇ, ਕੁਝ ਲੋਕ ਉਸਨੂੰ ਰੁਜ਼ਗਾਰ, ਧੰਦੇ ਨਿੱਜੀ ਲਾਭ ਦੇ ਰੂਪ ਵਿੱਚ ਅਪਣਾ ਲੈਣ ਤਾਂ ਕਿਸੇ ਸਮੇਂ ਨਿਭਾਈ ਚੰਗੀ ਭੂਮਿਕਾ

ਵੀ ਸਮਾਜਿਕ ਵਿਕਾਸ ਵਿੱਚ ਲਾਭਦਾਇਕ ਨਹੀਂ ਰਹਿੰਦੀ।

ਮਨੁੱਖੀ ਇਤਿਹਾਸ ਦੇ ਵੱਖ-ਵੱਖ ਸਮਿਆਂ ਦੀਆਂ ਹਕੂਮਤਾਂ ਨੇ ਧਰਮ ਅਤੇ ਹੋਰਨਾਂ ਵਹਿਮਾਂ-ਭਰਮਾਂ ਨੂੰ ਆਪਣੇ ਨਿੱਜੀ ਮਨੋਰਥਾਂ ਲਈ ਵੱਖ-ਵੱਖ ਰੂਪਾਂ ਵਿੱਚ ਵਰਤਿਆ। ਲੁਟੇਰੀ ਜਮਾਤ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਹੈ ਕਿ ਜੋ ਕੰਮ ਉਹਨਾਂ ਦੀ ਤਾਕਤ ਨਹੀਂ ਕਰ ਸਕਦੀ, ਉਹਨਾਂ ਦੀਆਂ ਸ਼ਾਤਰ-ਚਾਲਾਂ ਅਸਾਨੀ ਨਾਲ ਸਿਰੇ ਚਾੜ੍ਹ ਸਕਦੀਆਂ ਹਨ। ਅੱਜ ਦੇ ਯੁੱਗ ਅੰਦਰ ਮਨੁੱਖੀ ਦੁਨੀਆਂ ਵਿੱਚ ਲੁਟੇਰੀ ਜਮਾਤ, ਧਰਮਾਂ ਅਤੇ ਹੋਰ ਹਰ ਕਿਸਮ ਦੇ ਅੰਧ-ਵਿਸਵਾਸਾਂ ਨੂੰ ਆਪਣੇ ਰਾਜ-ਪ੍ਰਬੰਧ ਦੀ ਉਮਰ ਹੋਰ ਲੰਬੀ ਕਰਨ ਲਈ ਵਰਤ ਰਹੀ ਹੈ। ਥਾਂ-ਥਾਂ ਫਿਰਕੂ ਦੰਗੇ ਭੜਕਾਏ ਜਾ ਰਹੇ ਹਨ। ਇਸ ਤਰ੍ਹਾਂ ਇਨ੍ਹਾਂ ਧਾਰਮਿਕ ਅੰਧਵਿਸ਼ਵਾਸਾਂ ਦੀ ਕਹਾਣੀ ਚਲਦੀ ਆ ਰਹੀ ਹੈ।

ਇਸ ਕਹਾਣੀ ਨੂੰ ਪੂਰਨ ਰੂਪ ਵਿੱਚ ਖਤਮ ਕਰਨ ਲਈ ਇੱਕ ਅਜਿਹੀ ਤਿੱਖੀ ਸਮਜਿਕ ਤਬਦੀਲੀ ਦੀ ਲੋੜ ਹੈ, ਇੱਕ ਅਜਿਹੇ ਇਨਕਲਾਬ ਦੀ ਲੋੜ ਹੈ ਜੋ ਇਨ੍ਹਾਂ ਧਾਰਮਿਕ ਅੰਧਵਿਸ਼ਵਾਸਾਂ ਦੀ ਜੜ੍ਹ ਅਤੇ ਮੌਜੂਦਾ ਮਨੁੱਖਤਾ ਦੋਖੀ ਇਸ ਲੁਟੇਰੇ ਸਮਾਜਿਕ ਢਾਂਚੇ ਨੂੰ ਖਤਮ ਕਰ ਸਕੇ। ਅਧਿਆਤਮਵਾਦ ਵਿਰੁੱਧ ਘੋਲ ਜਮਾਤੀ ਘੋਲ ਦੇ ਪੈਂਤੜੇ ਤੋਂ ਹੀ ਲੜਿਆ ਜਾ ਸਕਦਾ ਹੈ। ਇਸ ਨੁਕਤੇ ਨੂੰ ਛੱਡ ਕੇ ਨਾਸਤਿਕਤਾ ਦਾ ਕੋਈ ਵੀ ਪ੍ਰਚਾਰ ਭਾਵੇਂ ਕਿੰਨੀ ਵੀ ਇਮਾਨਦਾਰੀ ਨਾਲ ਕਿਉਂ ਨਾ ਕੀਤਾ ਜਾਵੇ ਅਧਿਆਤਮਕ ਪ੍ਰਭਾਵ ਨੂੰ ਵਕਤੀ ਤੌਰ ’ਤੇ ਹੀ ਸੱਟ ਮਾਰ ਸਕਦਾ ਹੈ। ਪਰ ਇਸਨੂੰ ਅੰਤਮ ਰੂਪ ਵਿੱਚ ਖਤਮ ਨਹੀਂ ਕਰ ਸਕਦਾ।

**ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)** ਲੁਟੇਰੀ ਜਮਾਤ ਵੱਲੋਂ ਫੈਲਾਈ ਜਾਂਦੀ ਅੰਧ-ਵਿਸ਼ਵਾਸਾਂ ਦੀ ਧੁੰਦ ਨੂੰ ਵਿਗਿਆਨਕ ਵਿਚਾਰਧਾਰਾ ਦੀ ਤੇਜ਼ ਰੋਸ਼ਨੀ ਨਾਲ ਖਤਮ ਕਰਨ ਦੇ ਉਪਰਾਲੇ ਕਰੇਗੀ। ਸੁਸਾਇਟੀ ਅੱਜ ਦੀਆਂ ਅਜਿਹੀਆਂ ਜਿਊਣ ਹਾਲਤਾਂ ਨੂੰ ਰੱਦ ਕਰਦੀ ਹੈ, ਜਿੱਥੇ ਅੰਧ-ਵਿਸ਼ਵਾਸਾਂ, ਜਾਦੂ -ਟੂਣਿਆਂ, ਜੋਤਿਸ਼, ਵਹਿਮਾਂ-ਭਰਮਾਂ ਆਦਿ ਦੇ ਚੱਕਰ ਵਿੱਚ ਲੋਕ ਘਿਰੇ ਹੋਏ ਹਨ ਅਤੇ ਲੁਟੇਰੇ ਰਾਜ ਪ੍ਰਬੰਧ ਦੀ ਉਮਰ ਲੰਬੀ ਕਰਨ ਵਾਲੇ ਪ੍ਰਜੀਵੀ, ਸਾਧ, ਸੰਤ, ਸਿਆਣੇ, ਭਾਈ ਜੀ, ਤਾਂਤਰਿਕ, ਪੁਜਾਰੀ, ਜੋਤਿਸ਼ੀ, ਪਾਦਰੀ ਆਦਿ ਸਮਾਜਿਕ ਸਮੱਸਿਆਵਾਂ ਦੇ ਅਸਲ ਕਾਰਨਾਂ ’ਤੇ ਪਰਦਾ ਪਾ ਕੇ ਮਿਹਨਤਕਸ਼ ਲੋਕਾਂ ਨੂੰ ਕਰਾਮਾਤਾਂ, ਭੂਤਾਂ-ਪ੍ਰੇਤਾਂ, ਆਤਮਾਵਾਂ, ਕਿਸਮਤ ਅਤੇ ਕਰਮਾਂ ਦੇ ਚੱਕਰਾਂ ਵਿੱਚ ਫਸਾਈ ਫਿਰਦੇ ਹਨ। ਸੁਸਾਇਟੀ ਪਾਖੰਡੀਆਂ ਵੱਲੋਂ ਪ੍ਰਚਾਰੇ ਜਾਂਦੇ ਕੂੜ ਪ੍ਰਚਾਰ ਦਾ ਪਰਦਾਫਾਸ਼ ਕਰੇਗੀ। ਸੁਸਾਇਟੀ ਸਰਕਾਰ ਵੱਲੋਂ ਕੀਤੀਆਂ ਜਾਂਦੀਆਂ ਰੂੜੀਵਾਦੀ, ਫਿਰਕਾਪ੍ਰਸਤੀ ਅਤੇ ਜਾਤੀ ਭੇਦ-ਭਾਵ ਦੀਆਂ ਨਿੱਤ-ਪ੍ਰਤੀ ਦੀਆਂ ਘਟਨਾਵਾਂ ਦਾ ਠੋਸ ਰੂਪ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਰੋਧ ਕਰੇਗੀ। ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਂਣ ਲਈ ਵੱਡੀ ਪੱਧਰ ਤੇ ਸਾਹਿਤ ਪ੍ਰਕਾਸ਼ਿਤ ਕਰਕੇ ਲੋਕਾਂ ਵਿੱਚ ਵੰਡੇਗੀ। ਸਮਾਜ ਵਿੱਚ ਪ੍ਰਚਲਤ ਭੂਤਾਂ-ਪ੍ਰੇਤਾਂ ਦੀਆਂ ਘਟਨਾਵਾਂ ਅਤੇ ਹੋਰ ‘ਕਦਰਤੀ’ ਘਟਨਾਵਾਂ ਦਾ ਵਿਗਿਆਨਕ ਹੱਲ ਪੇਸ਼ ਕਰੇਗੀ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਹਰ ਚੇਤਨ ਵਿਅਕਤੀ ਨੂੰ ਉਪਰੋਕਤ ਕਾਰਜ ਕਰਨ ਲਈ ਅੱਗੇ ਆਉਂਣ ਦਾ ਸੱਦਾ ਦਿੰਦੀ ਹੈ।

# ਸੰਵਿਧਾਨ

**ਧਾਰਾ(ੳ) ਜੱਥੇਬੰਦੀ-**

1. ਜੱਥੇਬੰਦੀ ਦਾ ਨਾਂ ਤਰਕਸ਼ੀਲ ਸੁਸਾਇਟੀ ਪੰਜਾਬ ਹੋਵੇਗਾ

2. ਜੱਥੇਬੰਦੀ ਦੀ ਬਣਤਰ ਜਮਹੂਰੀ ਹੋਵੇਗੀ।

3. ਸੁਸਾਇਟੀ ਹਰ ਮਸਲੇ ਪ੍ਰਤੀ ਵਿਗਿਆਨਕ ਸੋਚ ਅਪਣਾਏਗੀ।

4. ਸੁਸਾਇਟੀ ਆਪਣੇ ਪ੍ਰੋਗਰਾਮ ਅਨੁਸਾਰ ਸਰਗਰਮੀਆਂ ਕਰੇਗੀ, ਇਸਦਾ ਕਿਸੇ ਸਿਆਸੀ ਪਾਰਟੀ ਜਾਂ ਜੱਥੇਬੰਦੀ ਨਾਲ ਕੋਈ ਸਬੰਧ ਨਹੀਂ ਹੋਵੇਗਾ।

5. ਸੁਸਾਇਟੀ ਆਪਣੇ ਸੰਵਿਧਾਨ ਅਤੇ ਐਲਾਨਨਾਮੇ ਅੰਦਰ ਰਹਿ ਕੇ ਅਗਾਂਹਵਧੂ ਤੇ ਜਮਹੂਰੀ ਜੱਥੇਬੰਦੀਆਂ ਨਾਲ ਸਾਂਝੀਆਂ ਸਰਗਰਮੀਆਂ ਕਰੇਗੀ।

**ਧਾਰਾ (ਅ) ਦਫ਼ਤਰ-**

ਮੁੱਖ ਦਫ਼ਤਰ ਤਰਕਸ਼ੀਲ ਭਵਨ, ਤਰਕਸ਼ੀਲ ਚੌਂਕ, ਬਰਨਾਲਾ (ਪੰਜਾਬ) ਵਿਖੇ ਸਥਿੱਤ ਹੈ।

**ਧਾਰਾ (ੲ) ਉਦੇਸ਼-**

1. ਲੋਕਾਂ ਦਾ ਸੋਚਣ ਢੰਗ ਵਿਗਿਆਨਕ/ਤਰਕਸ਼ੀਲ ਬਨਾਉਣਾ ਸੁਸਾਇਟੀ ਦਾ ਮੁੱਖ ਉਦੇਸ਼ ਹੋਵੇਗਾ।

2. ਵਹਿਮਾਂ-ਭਰਮਾਂ ਨੂੰ ਸਿੱਧੇ-ਅਸਿੱਧੇ ਢੰਗ ਨਾਲ ਫੈਲਾਅ ਰਹੀ ਲੁਟੇਰੀ ਜਮਾਤ ਅਤੇ ਇਨ੍ਹਾਂ ਦੇ ਸਮਾਜਿਕ ਆਰਥਿਕ ਕਾਰਨਾਂ ਬਾਰੇ ਲੋਕਾਂ ਨੂੰ ਚੇਤਨ ਕਰਨ ਲਈ ਪ੍ਰੋਗਰਾਮ ਉਲੀਕੇਗੀ।

3. ਅੰਧ-ਵਿਸ਼ਵਾਸਾਂ ਦੇ ਸ਼ਿਕਾਰ ਲੋਕਾਂ ਦੀ ਯੋਗ ਸਹਾਇਤਾ ਕਰਕੇ ਠੀਕ ਦਿਸ਼ਾ ਵਿੱਚ ਮਾਰਗ ਦਰਸ਼ਨ ਕਰੇਗੀ।

4. ਉਪਰੋਕਤ ਉਦੇਸ਼ ਦੀ ਪੂਰਤੀ ਲਈ ਕਿਤਾਬਾਂ ਦਾ ਪ੍ਰਕਾਸ਼ਨ ਕਰਨਾ, ਤਰਕਸ਼ੀਲ ਮੈਗਜ਼ੀਨ ਦੀ ਪ੍ਰਕਾਸ਼ਨਾ ਕਰਨਾ, ਸੈਮੀਨਾਰ ਤਰਕਸ਼ੀਲ ਮੇਲਿਆਂ ਦਾ ਅਯੋਜਨ ਕਰਨਾ, ਚੇਤਨਾ ਕਾਫਲਿਆਂ, ਮੈਜਿਕ ਸ਼ੋਆਂ ਦਾ ਪ੍ਰੋਗਰਾਮ ਉਲੀਕਣਾ, ਮਾਨਸਿਕ ਸਮੱਸਿਆਵਾਂ ਦੇ ਹੱਲ ਰਾਹੀਂ ਮਾਨਸਿਕ ਸਿਹਤ ਕੇਂਦਰਾਂ ਰਾਹੀਂ ਯੋਗ ਅਗਵਾਈ ਕਰੇਗੀ।

5. ਆਪਣੇ ਉਦੇਸ਼ ਦੀ ਪੂਰਤੀ ਹਿੱਤ ਵੱਧ ਤੋਂ ਵੱਧ ਵਿਗਿਆਨਕ ਸੋਚ ਦੇ ਧਾਰਨੀਆਂ ਨੂੰ ਸੰਗਠਿਤ ਕਰੇਗੀ।

**ਧਾਰਾ(ਸ) -ੲ: ਮੈਂਬਰਸ਼ਿੱਪ**

1. ਮੈਂਬਰਸ਼ਿੱਪ ਇੱਕ ਸ਼ੈਸ਼ਨ ਲਈ 200 ਰੁਪਏ ਹੋਵੇਗੀ ਅਤੇ ਚੋਣ ਤੋਂ ਪਹਿਲਾਂ ਮੈਂਬਰਸ਼ਿੱਪ ਨਵਿਆਉਣੀ ਜ਼ਰੂਰੀ ਹੋਵੇਗੀ।

2. ਕੋਈ ਵੀ ਮੈਂਬਰ ਆਪਣੀ ਸਹੂਲਤ ਅਤੇ ਜੱਥੇਬੰਦੀ ਦੀ ਲੋੜ ਅਨੁਸਾਰ ਕਿਤੇ ਵੀ ਮੈਂਬਰਸ਼ਿੱਪ ਲੈ ਸਕੇਗਾ, ਪਰ ਉਹ ਪਿਛਲੇ ਯੂਨਿਟ ਵਿੱਚੋਂ ਸੁਸਾਇਟੀ ਦੀ ਮੁੱਢਲੀ ਮੈਂਬਰਸ਼ਿੱਪ ਤੋਂ ਖਾਰਜ ਨਾ ਕੀਤਾ ਹੋਵੇ।

3. ਹਰ ਇੱਕ ਵਿਅਕਤੀ ਨੂੰ ਮੈਂਬਰ ਬਣਨ ਵੇਲੇ ਪ੍ਰਣ-ਪੱਤਰ ਭਰਨਾ ਜਰੂਰੀ ਹੋਵੇਗਾ।

4. ਨਵਾਂ ਮੈਂਬਰ ਬਣਨ ਵੇਲੇ ਸਬੰਧਤ ਇਕਾਈ ਦੇ ਇੱਕ ਮੌਜੂਦਾ ਮੈਂਬਰ ਵੱਲੋਂ ਤਸਦੀਕ ਹੋਣਾ ਚਾਹੀਦਾ

ਹੈ।

5. ਹਰ ਮੈਂਬਰ ਲਈ ਐਲਾਨਨਾਮੇ, ਸੰਵਿਧਾਨ ਅਤੇ ਪ੍ਰਣ-ਪੱਤਰ ਨੂੰ ਮੰਨਣਾ ਜਰੂਰੀ ਹੋਵੇਗਾ।

**(ਸ)-ਬੀ: ਉਮੀਦਵਾਰ ਮੈਂਬਰਸ਼ਿੱਪ**

1. ਉਮੀਦਵਾਰ ਮੈਂਬਰਸ਼ਿੱਪ ਫੀਸ 50 ਰੁਪਏ ਸਲਾਨਾ ਹੋਵੇਗੀ

2. ਉਮੀਦਵਾਰ ਮੈਂਬਰ ਤਰਕਸ਼ੀਲ ਮੈਗਜ਼ੀਨ ਦਾ ਬਕਾਇਦਾ ਪਾਠਕ ਹੋਵੇਗਾ।

3. ਉਮੀਦਵਾਰ ਮੈਂਬਰ, ਉਮੀਦਵਾਰ ਮੈਂਬਰਸ਼ਿੱਪ ਵਾਲਾ ਪ੍ਰਣ-ਪੱਤਰ ਭਰੇਗਾ।

4. ਉਮੀਦਵਾਰ ਮੈਂਬਰ ਜਿੰਨਾ ਸਮਾਂ ਮੈਂਬਰਸ਼ਿੱਪ ਵਾਲਾ ਫਾਰਮ ਨਹੀਂ ਭਰਦਾ ਓਨਾ ਸਮਾਂ ਉਮੀਦਵਾਰ ਹੀ ਰਹੇਗਾ।

**(ਸ)-ਸੀ: ਆਨਰੇਰੀ ਮੈਂਬਰਸ਼ਿੱਪ**

ਸੁਸਾਇਟੀ ਉਹਨਾਂ ਚਿੰਤਕਾਂ ਨੂੰ ਆਨਰੇਰੀ ਮੈਂਬਰਸ਼ਿੱਪ ਦੇਵੇਗੀ ਜੋ ਕਿਸੇ ਨਾ ਕਿਸੇ ਰੂਪ ਵਿੱਚ ਵਿਗਿਆਨਕ ਵਿਚਾਰਧਾਰਾ ਨੂੰ ਪ੍ਰਫੁੱਲਤ ਕਾਰਨ ਲਈ ਯਤਨਸ਼ੀਲ ਹਨ। ਇਹ ਆਨਰੇਰੀ ਮੈਂਬਰਸ਼ਿੱਪ ਵਾਪਸ ਲਏ ਜਾਣ ਤੱਕ ਕਾਇਮ ਰਹੇਗੀ।

**ਧਾਰਾ (ਹ) : ਮੈਂਬਰਾਂ ਦੇ ਅਧਿਕਾਰ ਅਤੇ ਫਰਜ਼**

1. ਇਲਾਕੇ ਵਿੱਚ ਹਰ ਕਿਸਮ ਦੀ ਕਥਿਤ ਗੈਰਵਿਗਿਆਨਕ ਜਾਪਦੀ ਘਟਨਾ ਤੇ ਨਜ਼ਰ ਰੱਖੇਗਾ।

2. ਸੁਸਾਇਟੀ ਦੀ ਸਾਂਝੀ ਸਮਝ ਦੇ ਖਿਲਾਫ ਕੋਈ ਸਰਗਰਮੀ ਨਹੀਂ ਕਰੇਗਾ ਅਤੇ ਨਾ ਹੀ ਹਿੱਸਾ ਲਵੇਗਾ।

3. ਸੁਸਇਟੀ ਦੀਆਂ ਸਰਗਰਮੀਆਂ ਵਿੱਚ ਵੱਧ-ਚੜ੍ਹਕੇ ਹਿੱਸਾ ਲਵੇਗਾ ਅਤੇ ਫੈਸਲਿਆਂ ਉੱਤੇ ਅਮਲ ਕਰੇਗਾ।

4. ਹਰ ਇੱਕ ਮੈਂਬਰ ਨੂੰ ਆਪਣੇ ਅਦਾਰੇ ਵਿੱਚ ਬਹਿਸ ਕਰਨ, ਚੋਣ ਕਰਨ ਅਤੇ ਆਪ ਚੁਣੇ ਜਾਣ ਦਾ ਅਧਿਕਾਰ ਹੋਵੇਗਾ।

5. ਕਿਸੇ ਸਿਆਸੀ ਜੱਥੇਬੰਦੀ ਦਾ ਅਹੁਦੇਦਾਰ ਸੁਸਾਇਟੀ ਦਾ ਅਹੁਦੇਦਾਰ ਨਹੀਂ ਬਣ ਸਕੇਗਾ, ਸਿਰਫ ਸਧਾਰਣ ਮੈਂਬਰ ਬਣਨ ਦਾ ਅਧਿਕਾਰ ਹੋਵੇਗਾ। ਪਰ ਮੁਹੱਲਾ ਕਮੇਟੀਆਂ, ਸਪੋਰਟਸ ਕਲੱਬ, ਸਾਹਿਤਕ ਤੇ ਸੱਭਿਆਚਾਰਕ ਕਲੱਬਾਂ ਅਤੇ ਟਰੇਡ ਯੂਨੀਅਨਾਂ 'ਤੇ ਇਹ ਮਦ ਲਾਗੂ ਨਹੀਂ ਹੋਵੇਗੀ।

6. ਹਰ ਇਕਾਈ ਨੂੰ ਪ੍ਰਤੀ ਮੈਂਬਰ 5 ਮੈਗਜੀਨ ਲਾਉਂਣੇ ਲਾਜ਼ਮੀ ਹੋਣਗੇ ਭਾਵ 12 ਮੈਂਬਰ ਵਾਲੀ ਇਕਾਈ ਨੂੰ 60 ਮੈਗਜ਼ੀਨ।

7. ਹਰੇਕ ਇਕਾਈ ਕੋਲ ਤਰਕਸ਼ੀਲ ਪ੍ਰਕਾਸ਼ਨ ਦੀਆਂ ਸਾਰੀਆਂ ਪੁਸਤਕਾਂ ਦਾ ਇੱਕ ਸੈੱਟ ਹੋਣਾ ਲਾਜ਼ਮੀ ਹੋਵੇਗਾ। ਸੂਬਾ ਕਮੇਟੀ ਦਾ ਹਰੇਕ ਫੈਸਲਾ ਇਕਾਈ ਲਈ ਲਾਗੂ ਕਰਨਾ ਲਾਜ਼ਮੀ ਹੋਵੇਗਾ। ਸੂਬਾ ਕਮੇਟੀ ਵੱਲੋਂ ਲਗਾਏ ਜਾਂਦੇ ਕੋਟੇ ਦਾ ਘੱਟੋ-ਘੱਟ 60 ਫੀਸਦੀ ਪੂਰਾ ਕਰਨਾ ਹੋਵੇਗਾ। ਪਰ ਇਹ ਸ਼ਰਤ ਮੈਗਜ਼ੀਨ ਦੀ ਗਿਣਤੀ 'ਤੇ ਲਾਗੂ ਨਹੀਂ ਹੋਵੇਗੀ।

ਉਪਰੋਕਤ ਫੈਸਲੇ ਲਾਗੂ ਨਾ ਕਰਨ ਦੀ ਸੂਰਤ ਵਿੱਚ ਇਕਾਈ ਐਡਹਾਕ ਕਮੇਟੀ 'ਚ ਤਬਦੀਲ ਹੋਈ ਮੰਨੀ ਜਾਵੇਗੀ।

8. ਇਕਾਈ, ਜੋਨ ਅਤੇ ਸਟੇਟ ਦੀਆਂ ਹੋਣ ਵਾਲੀਆਂ ਮੀਟਿੰਗਾਂ 'ਚ 60 ਪ੍ਰਤੀਸ਼ਤ ਹਾਜ਼ਰੀ ਲਾਜ਼ਮੀ

ਹੋਵੇਗੀ। ਲਗਾਤਾਰ ਦੋ ਮੀਟਿੰਗਾਂ 'ਚ ਗੈਰ ਹਾਜ਼ਰ ਰਹਿਣ 'ਤੇ ਇਸਦਾ ਕਾਰਣ ਦੱਸਣਾ ਲਾਜਮੀ ਹੋਵੇਗਾ।

**ਧਾਰਾ (ਕ) - ਅਹੁਦੇਦਾਰ ਅਤੇ ਉਹਨਾਂ ਦੀ ਚੋਣ**

1. ਸੂਬਾ ਪੱਧਰ 'ਤੇ 13 ਵਿਭਾਗਾਂ ਦੇ ਮੁਖੀਆਂ ਦੀ ਚੋਣ ਹੋਵੇਗੀ। ਇਹ ਚੋਣ ਡੈਲੀ ਗੇਟ ਇਜਲਾਸ ਕਰੇਗਾ। ਵਿਭਾਗਾਂ ਦੇ ਮੁਖੀਆਂ 'ਤੇ ਆਧਾਰਤ ਸੂਬਾ ਕਾਰਜਕਾਰਨੀ ਹੋਵੇਗੀ।

2. ਸਾਰੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਜਾਂ ਬਹੁਸੰਮਤੀ ਦੇ ਆਧਾਰ 'ਤੇ ਹੋਵੇਗੀ। ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਦੀ ਚੋਣ ਕੀਤੀ ਜਾਵੇਗੀ।

3. ਅਹੁਦੇਦਾਰਾਂ ਦੀ ਚੋਣ ਦੋ ਸਾਲ ਲਈ ਹੋਵੇਗੀ।

4. ਸੈਸ਼ਨ ਅਪ੍ਰੈਲ ਤੋਂ ਮਾਰਚ ਤੱਕ ਹੋਵੇਗਾ।

5. ਸੈਸ਼ਨ ਦੇ ਵਿਚਕਾਰ ਸੂਬਾ ਅਦਾਰੇ ਦੇ ਕਿਸੇ ਅਹੁਦੇਦਾਰ ਦੇ ਕੰਮ ਨੂੰ ਗੈਰ-ਤਸੱਲੀਬਖਸ਼ ਪਾਏ ਜਾਣ ਜਾਂ ਕਿਸੇ ਅਹੁਦੇਦਾਰ ਦੇ ਕੰਮ ਛੱਡ ਜਾਣ ਕਾਰਨ, ਉਸਦੀ ਥਾਂ 'ਤੇ ਪੂਰਤੀ ਕਰਨ ਲਈ ਸੂਬਾ ਵਰਕਿੰਗ ਕਮੇਟੀ ਅਧਿਕਾਰਤ ਹੋਵੇਗੀ। ਇਸ ਤਬਦੀਲੀ ਲਈ ਹਾਜ਼ਰ ਮੈਂਬਰਾਂ ਦਾ 2/3 ਸਹਿਮਤ ਹੋਣਾ ਜ਼ਰੂਰੀ ਹੋਵੇਗਾ।

6. ਜੋਨ ਅਤੇ ਇਲਾਕਾ ਇਕਾਈਆਂ ਮੱਦ ਨੰ. 5 ਅਨੁਸਾਰ ਆਪਣੀ ਮੀਟਿੰਗ ਕਰਕੇ ਉਪਰੋਕਤ ਤਬਦੀਲੀ ਕਰ ਸਕਣਗੀਆਂ।

7. ਜੋਨ ਮੁਖੀਆਂ ਦੀ ਚੋਣ-

ਇਕਾਈਆਂ ਦੇ ਜੱਥੇਬੰਦਕ ਅਤੇ ਵਿੱਤ ਤੋਂ ਇਲਾਵਾ 10 ਮੈਂਬਰਾਂ ਵਿੱਚੋਂ ਇਕ ਡੈਲੀਗੇਟ ਅਨੁਸਾਰ ਆਪਣੇ ਵਿੱਚੋਂ ਪੰਜ ਜੋਨ ਮੁਖੀਆਂ- ਜੱਥਬੰਦਕ ਵਿਭਾਗ, ਵਿਤ ਤੇ ਮੈਗਜ਼ੀਨ ਵੰਡ, ਮਾਨਸਿਕ ਰੋਗ, ਸਭਿਆਚਾਰਕ ਵਿਭਾਗ ਅਤੇ ਮੀਡੀਆ ਵਿਭਾਗ ਦੀ ਚੋਣ ਕਰਨਗੇ।

8. ਇਲਾਕਾ ਇਕਾਈ ਆਪਣੇ ਵਿੱਚੋਂ ਜੋਨਾਂ ਦੀ ਤਰਜ਼ 'ਤੇ ਪੰਜ ਮੁਖੀ ਚੁਣੇਗੀ। ਕਿਸੇ ਵੀ ਨਵੀਂ ਬਣਨ ਵਾਲੀ ਇਕਾਈ ਦੀ ਚੋਣ ਜੋਨ ਦੇ ਕਿਸੇ ਆਗੂ ਦੀ ਨਿਗਰਾਨੀ ਹੇਠ ਹੋਵੇਗੀ ਅਤੇ ਪੁਰਾਣੀ ਇਕਾਈ ਦੀ ਚੋਣ ਇਸ ਦੇ ਪਹਿਲੇ ਆਗੂਆਂ ਦੀ ਨਿਗਰਾਨੀ ਹੇਠ ਹੋਵੇਗੀ।

9. ਇਕਾਈ ਵੱਲੋਂ ਜੋਨ ਲਈ ਚੁਣੇ ਗਏ ਡੈਲੀਗੇਟ ਹੀ ਸੂਬੇ ਲਈ ਡੈਲੀਗੇਟ ਹੋਣਗੇ।

10. ਉਪਰਲੇ ਅਦਾਰੇ ਤੇ ਅਹੁਦੇਦਾਰ ਹੇਠਲੇ ਅਦਾਰੇ ਦੇ ਅਹੁਦੇਦਾਰ ਨਹੀਂ ਰਹਿਣਗੇ। ਸਹਾਇਕ ਮੁਖੀ ਅਦਾਰਿਆਂ ਦੇ ਮੁਖੀ ਰਹਿ ਸਕਦੇ ਹਨ।

11 ਜੋਨ ਜਾਂ ਸੂਬੇ ਦੇ ਅਹੁਦੇਦਾਰਾਂ ਦੀ ਚੋਣ ਕਾਰਣ ਖਾਲੀ ਹੋਏ ਅਹੁਦੇ ਸੂਬਾ ਡੈਲੀਗੇਟ ਇਜਲਾਸ ਤੋਂ ਬਾਅਦ ਚੋਣ ਕਰਕੇ ਪੂਰੇ ਜਾਣਗੇ।

**ਧਾਰਾ (ਖ) ਜੱਥੇਬੰਦਕ ਢਾਂਚਾ-**

ਵਤਰਮਾਨ ਹਾਲਤਾਂ ਵਿੱਚ ਸੁਸਾਇਟੀ ਤਿੰਨ ਪੜਾਵੀ ਹੋਵੇਗੀ।

**ਸੂਬਾ ਕਮੇਟੀ-**

1. ਸੂਬਾ ਐਗਜੈਕਟਿਵ- ਸੂਬੇ ਦੇ ਦਸਾਂ ਵਿਭਾਗਾਂ ਦੇ ਮੁਖੀ ਇਸਦੇ ਮੈਂਬਰ ਹੋਣਗੇ।

2. ਸੂਬਾ ਵਰਕਿੰਗ ਕਮੇਟੀ- ਸੂਬੇ ਦੇ ਵਿਭਾਗਾਂ ਦੇ ਮੁਖੀਆਂ ਤੋਂ ਇਲਾਵਾ ਜ਼ੋਨਾਂ ਦੇ ਜੱਥੇਬੰਦਕ ਮੁਖੀ ਇਸਦੇ ਮੈਂਬਰ ਹੋਣਗੇ।

3. ਸੂਬਾ ਜਨਰਲ ਬਾਡੀ- ਸੂਬਾ ਐਗਜੈਕਟਿਵ ਕਮੇਟੀ, ਜ਼ੋਨਾਂ ਦੇ ਪੰਜੇ ਵਿਭਾਗ ਮੁਖੀ ਅਤੇ ਇਕਾਈਆਂ ਦੇ ਜੱਥੇਬੰਦਕ ਮੁਖੀਆਂ ’ਤੇ ਆਧਾਰਤ ਹੋਵੇਗੀ।

**ਜ਼ੋਨ ਕਮੇਟੀ-**

ਜ਼ੋਨ ਐਗਜੈਕਟਿਵ- ਜ਼ੋਨ ਦੇ ਚੁਣੇ ਪੰਜੇ ਮੁਖੀਆਂ ਤੇ ਆਧਾਰਤ ਹੋਵੇਗੀ।

ਜ਼ੋਨ ਵਰਕਿੰਗ ਕਮੇਟੀ- ਜ਼ੋਨ ਦੇ ਪੰਜਾਂ ਵਿਭਾਗੀ ਮੁਖੀਆਂ ਤੋਂ ਇਲਾਵਾ ਜ਼ੋਨ ਵਿੱਚ ਪੈਂਦੀਆਂ ਇਕਾਈਆ ਦੇ ਜੱਥੇਬੰਦਕ ਮੁਖੀ ਇਸਦੇ ਮੈਂਬਰ ਹੋਣਗੇ। ਜ਼ੋਨ ਕਮੇਟੀ ਦੀ ਮੀਟਿੰਗ ਸਮੇਂ ਜੱਥੇਬੰਦਕ ਮੁਖੀ ਦੀ ਗੈਰ -ਹਾਜ਼ਰੀ ਵਿੱਚ ਉਸਦੇ ਸਾਰੇ ਅਧਿਕਾਰ ਜ਼ੋਨ ਦੇ ਵਿੱਤ-ਵਿਭਾਗ ਮੁਖੀ ਕੋਲ ਹੋਣਗੇ।

**ਇਲਾਕਾ ਕਮੇਟੀ-**

ਇਸ ਨੂੰ ਬਣਾਉਂਣ ਲਈ ਘੱਟੋ ਘੱਟ 10 ਮੈਂਬਰਾਂ ਦੀ ਜ਼ਰੂਰਤ ਹੋਵੇਗੀ। ਇਕਾਈ ਦੀ ਚੋਣ ਸਮੇਂ 10 ਮੈਂਬਰਾਂ ਦਾ ਹਾਜ਼ਰ ਹੋਣਾ ਜ਼ਰੂਰੀ ਹੈ।। ਵੱਧ ਮੈਂਬਰਾਂ ਦੀ ਹਾਲਤ ਵਿੱਚ 50 ਪ੍ਰਤੀਸ਼ਤ ਮੈਂਬਰਾਂ ਦਾ ਹਾਜ਼ਰ ਹੋਣਾ ਜ਼ਰੂਰੀ ਹੈ। ਇੱਕ ਪਿੰਡ ਜਾਂ ਸ਼ਹਿਰ ਵਿੱਚ ਇੱਕ ਹੀ ਇਕਾਈ ਹੋਵੇਗੀ।

ਇਕਾਈ ਦੀ ਐਗਜੈਕਟਿਵ- ਇਸ ਵਿੱਚ ਪੰਜ ਵਿਭਾਗਾਂ ਦੇ ਮੁਖੀ ਸ਼ਾਮਲ ਹੋਣਗੇ।

ਜਨਰਲ ਬਾਡੀ- ਇਸ ਵਿੱਚ ਇਕਾਈ ਦੀ ਸਮੁੱਚੀ ਮੈਂਬਰਸ਼ਿੱਪ ਸ਼ਾਮਲ ਹੋਵੇਗੀ। ਇਕਾਈ ਦੇ ਜੱਥੇਬੰਦਕ ਮੁਖੀ ਦੀ ਗੈਰ-ਹਾਜ਼ਰੀ ਵਿੱਚ ਉਸ ਦੇ ਸਾਰੇ ਅਧਿਕਾਰ ਵਿਤ ਵਿਭਾਗ ਦੇ ਮੁਖੀ ਕੋਲ ਹੋਣਗੇ।

**ਧਾਰਾ (ਗ)- ਅਹੁਦੇਦਾਰ ਤੇ ਉਨ੍ਹਾਂ ਦੇ ਕੰਮ**

ਮੌਜੂਦਾ ਲੋੜਾਂ ਅਨੁਸਾਰ ਸੂਬਾ ਪੱਧਰ ਦੇ 13 ਵਿਭਾਗ ਹੋਣਗੇ। ਲੋੜ ਅਨੁਸਾਰ ਹਰ ਵਿਭਾਗ ਵਿੱਚ ਸਹਾਇਕ ਮੁਖੀ ਹੋਣਗੇ। ਇਨ੍ਹਾਂ ਸਹਾਇਕ ਮੁਖੀਆਂ ਨੂੰ ਸੂਬਾ ਐਗਜੈਕਟਿਵ ਨਿਯੁਕਤ ਕਰੇਗੀ। ਹਰ ਵਿਭਾਗ ਆਪਣੇ ਤੌਰ ਤੇ ਆਪਣੇ ਕੰਮ-ਕਾਰ ਨੂੰ ਬਿਹਤਰ ਬਣਾਉਂਣ ਲਈ ਯਤਨ ਜੁਟਾਏਗਾ। ਪਰ ਉਲੀਕੇ ਪ੍ਰੋਗਰਾਮ ਸੂਬਾ- ਐਗਜੈਕਟਿਵ ਤੋਂ ਲਵੇਗਾ। ਵਿਭਾਗਾਂ ਦੇ ਮੁਖੀ ਪੱਤਰ- ਵਿਹਾਰ ਦਾ ਰੀਕਾਰਡ/ਨਕਲ ਮੁੱਖ ਦਫਤਰ ਵਿੱਚ ਦੇਣਗੇ। ਹਰ ਤਰ੍ਹਾਂ ਦਾ ਪੱਤਰ-ਦਫਤਰੀ ਰੀਕਾਰਡ ਵਿੱਚ ਦਰਜ ਹੋਵੇਗਾ। ਵਿਭਾਗ ਅਤੇ ਉਨ੍ਹਾਂ ਦੀ ਕੰਮ-ਵੰਡ ਹੇਠ ਲਿਖੇ ਅਨੁਸਾਰ ਹੈ।

1. **ਜੱਥੇਬੰਦਕ ਵਿਭਾਗ-** ਸੁਸਾਇਟੀ ਦਾ ਮੁੱਖ ਤੌਰ ’ਤੇ ਸੰਚਾਲਨ ਕਰੇਗਾ। ਮੀਟਿੰਗਾਂ ਬੁਲਾਏਗਾ, ਮੀਟਿੰਗਾਂ ਦੀ ਕਾਰਵਾਈ ਦਾ ਰਿਕਾਰਡ ਰੱਖੇਗਾ ਤੇ ਮੀਟਿੰਗਾਂ ਇਸ ਦੀ ਨਿਗਰਾਨੀ ’ਚ ਹੋਣਗੀਆਂ। ਕਿਸੇ ਸਮੇਂ ਵੋਟਾਂ ਬਰਾਬਰ ਰਹਿਣ ਦੀ ਸੂਰਤ ’ਚ ਜੱਥੇਬੰਦਕ ਮੁਖੀ ਕੋਲ ਡੀਸਾਈਡਿੰਗ ਵੋਟ ਦਾ ਅਧਿਕਾਰ ਹੋਵੇਗਾ। ਸਾਰੇ ਵਿਭਾਗ ਕੰਮਾਂ, ਪ੍ਰਾਪਤੀਆਂ ਤੇ ਸਮੱਸਿਆਵਾਂ ਨੂੰ ਇਸ ਵਿਭਾਗ ਕੋਲ ਰੱਖਣਗੇ ਤਾਂ ਕਿ ਲੋੜ ਅਨੁਸਾਰ ਅਜੰਡੇ ਲੱਗ ਸਕਣ।

ਜੱਥੇਬੰਦਕ ਮੁਖੀ-

* ਜੱਥੇਬੰਦੀ ਦਾ ਫੈਲਾਅ ਮਜ਼ਬੂਤੀ ਲਈ ਦਿਸ਼ਾ- ਨਿਰਦੇਸ਼ ਤਹਿ ਕਰੇਗਾ।

* ਜੱਥੇਬੰਦੀ ਦਾ ਫੈਲਾਅ ਕਰਨ ਅਤੇ ਜਾਬਤਾ ਕਾਇਮ ਰੱਖਣ ਦਾ ਅਧਿਕਾਰ ਹੋਵੇਗਾ।

* ਜਥੇਬੰਦੀ ’ਚ ਨੌਜਵਾਨਾਂ, ਔਰਤਾਂ ਦੀ ਸ਼ਮੂਲੀਅਤ ਲਈ ਵਿਸ਼ੇਸ਼ ਉਪਰਾਲੇ ਕਰੇਗਾ।

* ਜਥੇਬੰਦੀ ਦੇ ਦਫਤਰ, ਰਿਕਾਰਡ ਅਤੇ ਜਾਇਦਾਦ ਦੇ ਰੱਖ-ਰਖਾਅ ਲਈ ਜ਼ਿੰਮੇਵਾਰ ਹੋਵੇਗਾ।

2. **ਵਿੱਤ ਵਿਭਾਗ-** ਦਫਤਰ, ਪੈਸੇ ਅਤੇ ਪ੍ਰਾਪਰਟੀ ਦਾ ਸਟੇਟ ਪੱਧਰ ਤੇ ਹਿਸਾਬ-ਕਿਤਾਬ ਰੱਖੇਗਾ। ਆਮਦਨ ਦੇ ਨਵੇਂ ਵਸੀਲਿਆਂ ਦੀ ਖੋਜ ਕਰਨਾ ਅਤੇ ਸੁਸਾਇਟੀ ਨੂੰ ਆਰਥਕ ਪੱਖੋਂ ਮਜ਼ਬੂਤ ਕਰਨ ਲਈ ਨੀਤੀਆਂ ਤਿਆਰ ਕਰੇਗਾ।

ਬੈਂਕ ਖਾਤਾ- ਬੈਂਕ ਖਾਤਾ ਵਿੱਤ ਵਿਭਾਗ ਦੇ ਮੁਖੀ, ਜੱਥੇਬੰਦਕ ਮੁਖੀ ਅਤੇ ਪ੍ਰਿੰਟਿੰਗ ਵਿਭਾਗ ਦੇ ਮੁਖੀਆਂ ਦੇ ਨਾਂ ’ਤੇ ਚੱਲੇਗਾ। ਇਨ੍ਹਾਂ ਮੁੱਖੀਆਂ ਵਿੱਚੋਂ ਕਿਸੇ ਦੋਨਾਂ ਦੇ ਦਸਤਖਤਾਂ ਦੇ ਨਾਲ ਪੈਸੇ ਕਢਵਾਏ ਜਾ ਸਕਣਗੇ।

ਹਿਸਾਬ ਕਿਤਾਬ ਦੇ ਅੰਦਰੂਨੀ ਆਡਿਟ ਲਈ ਸੂਬਾ ਕਮੇਟੀ ਵੱਲੋਂ ਹਰ ਸੈਸ਼ਨ ਲਈ ਤਿੰਨ ਮੈਂਬਰੀ ਆਡਿਟ ਕਮੇਟੀ ਨਿਰਧਾਰਿਤ ਕੀਤੀ ਜਾਵੇਗੀ, ਇਹ ਸਥਾਈ ਨਹੀਂ ਹੋਵੇਗੀ। ਉਹ ਕਮੇਟੀ ਜੋਨ/ਇਕਾਈ ਲਈ ਵੀ ਕੰਮ ਕਰੇਗੀ।

3. **ਸੱਭਿਆਚਾਰਕ ਵਿਭਾਗ-** ਸੁਸਾਇਟੀ ਦੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਹਿੱਤ ਨਾਟਕ, ਕੋਰੀਓਗ੍ਰਾਫੀ , ਗੀਤ ਆਦਿ ਲਿਖਣੇ-ਲਿਖਾਉਂਣੇ, ਤਿਆਰੀ ਕਰਾਉਣ ਆਦਿ ਲਈ ਅਗਵਾਈ ਦੇਵੇਗਾ।

* ਘੱਟ ਖਰਚ ਤੇ ਲੋੜਵੰਦ ਲੋਕਾਂ ਵਿੱਚ ਲਿਜਾਣ ਲਈ ਵਿਉਂਤਬੰਦੀ ਬਣਾਏਗਾ।

* ਵਿਗਿਆਨਕ ਤੇ ਉਸਾਰੂ ਸੱਭਿਆਚਾਰ ਪੈਦਾ ਕਰਨ ਅਤੇ ਬੇਲੋੜੀਆਂ ਅਤੇ ਖਰਚੀਲੀਆਂ ਰਸਮਾਂ, ਵੇਲਾ-ਵਿਹਾ ਚੁੱਕੀਆਂ ਕਦਰਾਂ-ਕੀਮਤਾਂ ਨੂੰ ਬਦਲਣ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਨਾ ਅਤੇ ਉਸਦੇ ਅਮਲ ਲਈ ਸਮਾਜਿਕ ਲਹਿਰ ਪੈਦਾ ਕਰੇਗਾ।

* ਟੀ. ਵੀ. ਚੈਨਲਾਂ ਅਤੇ ਰੇਡੀਓ ਰਾਹੀਂ ਸੁਸਾਇਟੀ ਦੀ ਸਮਝ ਨਾਲ ਲੈਸ ਪ੍ਰੋਗਰਾਮ ਪੇਸ਼ ਕਰਨ ਲਈ ਯਤਨ ਜੁਟਾਏਗਾ।

* ਪਹਿਲਾਂ ਤੋਂ ਤਿਆਰ ਨਾਟਕਾਂ ਤੇ ਗੀਤਾਂ ਦੀਆਂ ਵੀ. ਡੀ ਓ., ਸੀ. ਡੀ. ਆਡੀਓ ਆਦਿ ਇਕੱਠਾ ਕਰਨਾ। ਐਡੀਟਿੰਗ ਆਦਿ ਕਰਕੇ ਲੋਕਾਂ ਵਿੱਚ ਲਿਜਾਣ ਲਈ ਸਟਾਕ ਤਿਆਰ ਕਰਨਾ ਤੇ ਵੰਡਣਾ।

* ਹੱਥ ਦੀ ਸਫਾਈ ਵਾਲੇ ਟਰਿੱਕਾਂ ਦੇ ਪ੍ਰਦਰਸ਼ਨ ਲਈ ਟੀਮਾਂ ਵਿਕਸਤ ਕਰਨਾ।

4. **ਮੀਡੀਆ ਵਿਭਾਗ-** ਇਲੈਕਟਰੌਨਿਕ ਤੇ ਪ੍ਰਿੰਟ ਮੀਡੀਏ ਵਿੱਚ ਸੁਸਾਇਟੀ ਦੀ ਸਮਝ ਅਤੇ ਸਰਗਰਮੀਆਂ ਦੀ ਰਿਪੋਰਟਿੰਗ ਤੇ ਪ੍ਰਸਾਰਤ ਕਰਾਉਂਣ ਲਈ ਯਤਨ ਜੁਟਾਉਣੇ। ਅਖਬਾਰਾਂ, ਰੇਡੀਓ ਤੇ ਟੀ. ਵੀ. ਚੈਨਲਾਂ ਉੱਪਰ ਆ ਰਹੇ ਗੈਰ-ਵਿਗਿਆਨਕ ਪ੍ਰਚਾਰ-ਪ੍ਰਸਾਰ ਨੂੰ ਰੋਕਣ ਲਈ ਮੋੜਵੀਂ ਪ੍ਰਚਾਰ ਸਮੱਗਰੀ ਤਿਆਰ ਕਰਕੇ ਜਵਾਬ ਦੇਣਾ।

* ਸੁਸਾਇਟੀ ਸਬੰਧੀ ਜਾਂ ਵਿਰੋਧੀ ਛਪਦੀ ਤੇ ਪ੍ਰਸਾਰਿਤ ਹੁੰਦੀ ਸਮੱਗਰੀ ਦਾ ਰੀਕਾਰਡ ਰੱਖਣਾ। ਸੰਪਾਦਕਾਂ, ਡਾਇਰੈਕਟਰਾਂ ਨਾਲ ਸੰਪਰਕ ਸਥਾਪਤ ਕਰਨਾ।

5. **ਮੈਗਜ਼ੀਨ ਸੰਪਾਦਕੀ ਵਿਭਾਗ-** ਮੈਗਜ਼ੀਨ ਲਈ ਮੈਟਰ ਤਿਆਰ ਕਰਨਾ, ਐਡਿਟ ਕਰਨਾ, ਲਿਖਤਾਂ ਲਿਖਣਾ-ਲਿਖਾਉਣਾ, ਕੰਪੋਜ ਕਰਾਉਣਾ, ਪਰੂਫ ਦੇਖਣਾ, ਡੀਜ਼ਾਈਨ ਕਰਨਾ ਆਦਿ। ਮੈਗਜ਼ੀਨ ਦਾ ਪੱਧਰ ਉੱਚਾ ਚੁੱਕਣ, ਲੋਕ -ਪ੍ਰਿਅਤਾ ਵਧਾਉਣ ਲਈ ਯਤਨ ਜੁਟਾਉਣਾ।

6. **ਸਾਹਿਤ ਵਿਭਾਗ-** ਜਥੇਬੰਦੀ ਦੇ ਬੌਧਿਕ ਵਿਕਾਸ ਲਈ ਵੱਖੋ-ਵਖਰੇ ਵਿਸ਼ਿਆਂ ਤੇ ਕਿਤਾਬਾਂ ਲਿਖਣਾ, ਲਿਖਾਉਣਾ, ਅਨੁਵਾਦ ਕਰਨਾ-ਕਰਵਾਉਣਾ, ਪੈਂਫਲਿਟ ਤਿਆਰ ਕਰਨਾ, ਕਲੰਡਰ-ਡਾਇਰੀ ਆਦਿ ਤਿਆਰ ਕਰਨਾ ਕਰਵਾਉਂਣਾ।

* ਹਰ ਤਰ੍ਹਾਂ ਦੀ ਛਪਣ ਸਮਗਰੀ ਨੂੰ ਮੁਕੰਮਲ ਤੋਰ 'ਤੇ ਕੰਪੋਜ ਕਰਾਉਂਣ ਤੱਕ ਦੀ ਡਿਊਟੀ ਨਿਭਾਉਣਾ।

* ਪਹਿਲਾਂ ਤੋਂ ਤਿਆਰ ਛਪੀਆਂ ਸੁਸਾਇਟੀ ਦੀ ਸਮਝ ਵਧਾਉਂਦੀਆਂ ਪੁਸਤਕਾਂ ਦੀ ਲਾਇਬਰੇਰੀ ਤਿਆਰ ਕਰਨਾ।

7. **ਪ੍ਰਿੰਟਿੰਗ ਵਿਭਾਗ-** ਹਰ ਤਰ੍ਹਾਂ ਦੇ ਹਰ ਪੱਖੋਂ ਤਿਆਰ ਮੈਟਰ ਨੂੰ ਪ੍ਰਿੰਟ ਕਰਵਾਉਂਣਾ, ਵੰਡ ਕਰਨਾ, ਕੁੱਲ ਸਟਾਕ ਦਾ ਹਿਸਾਬ ਰੱਖਣਾ, ਪ੍ਰਿੰਟਿੰਗ ਸਮੱਗਰੀ ਤੇ ਆਉਣ ਵਾਲੇ ਖਰਚਿਆਂ ਨੂੰ ਘਟਾਉਣ ਲਈ ਯਤਨ ਜੁਟਾਉਣਾ।

* ਪ੍ਰਤੀ ਯੂਨਿਟ ਸੇਲ ਰੇਟ ਤਹਿ ਕਰਨਾ ਤੇ ਸਮੇਂ-ਸਮੇਂ ਸਿਰ ਵਧਾਉਣਾ- ਘਟਾਉਣਾ।

8. **ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ-** ਸੁਸਾਇਟੀ  ਦੇ ਪ੍ਰਚਾਰ-ਪ੍ਰਸਾਰ ਹਿੱਤ ਪੰਜਾਬ, ਭਾਰਤ ਅਤੇ ਦੁਨੀਆਂ ਪੱਧਰ ਤੇ ਸੰਪਰਕ ਸਥਾਪਤ ਕਰਨੇ। ਸਮਾਨ ਵਿਚਾਰਾਂ ਵਾਲੀਆਂ ਜੱਥੇਬੰਦੀਆਂ ਨਾਲ ਕੌਮੀ ਤੇ ਕੌਮਾਂਤਰੀ ਪੱਧਰ ਦੀ ਸਾਂਝ ਵਿਕਸਤ ਕਰਨ ਲਈ ਯਤਨ ਜੁਟਾਉਣਾ।

* ਦੂਰ ਬੈਠੇ ਹਮਦਰਦ, ਚਿੰਤਕ, ਵਿਅਕਤੀਆਂ ਨਾਲ ਪੱਤਰ- ਵਿਹਾਰ ਰਾਹੀਂ ਤਾਲਮੇਲ ਕਰਨਾ ਤੇ ਉਹਨਾਂ ਦੀਆਂ ਸੇਵਾਵਾਂ ਜੱਥੇਬੰਦੀ ਲਈ ਪ੍ਰਾਪਤ ਕਰਨਾ।

* ਸੁਸਾਇਟੀ ਵੱਲੋਂ ਛਾਪੀ ਸਮਗਰੀ ਨੂੰ ਦੂਸਰੇ ਖੇਤਰਾਂ ਵਿੱਚ ਪਹੁੰਚਾਉਂਣਾ ਤੇ ਹੋਰਨਾਂ ਵੱਲੋਂ ਛਾਪੀ ਜਾਂਦੀ ਸਮੱਗਰੀ ਨੂੰ ਸੁਸਾਇਟੀ ਵਾਸਤੇ ਉਪਲੱਬਧ ਕਰਾਉਣਾ।

9. **ਮਾਨਸਿਕ ਸਿਹਤ ਮਸ਼ਵਰਾ ਵਿਭਾਗ-** ਮਾਨਸਿਕ ਸਮੱਸਿਆਵਾਂ ਦੇ ਸਲਾਹ ਕੇਂਦਰਾਂ ਅੰਦਰ ਆਉਂਦੇ ਵਿਅਕਤੀਆਂ ਸਬੰਧੀ ਮੈਂਬਰਾਂ ਨੂੰ ਟਰੇਨਿੰਗ ਦੇਣ ਲਈ ਵਰਕਸ਼ਾਪਾਂ ਲਗਾਉਣਾ, ਯੋਗ ਡਾਕਟਰਾਂ ਨੂੰ ਸੱਦ ਕੇ ਵਰਕਸ਼ਾਪਾਂ ਤੇ ਸੈਮੀਨਾਰ ਕਰਨੇ। ਪੰਜਾਬ ਵਿੱਚ ਮਾਨਸਿਕ ਸਿਹਤ ਮਸ਼ਵਰਾ ਕੇਂਦਰ ਸਥਾਪਤ ਕਰਨਾ ਤੇ ਬਕਾਇਦਗਗੀ ਨਾਲ ਉਨ੍ਹਾਂ ਦਾ ਨਿਰੀਖਣ ਕਰਨਾ।

10. **ਕਾਨੂੰਨ ਵਿਭਾਗ-** ਸੁਸਾਇਟੀ ਨੂੰ ਕਾਨੂੰਨੀ ਮਸਲਿਆਂ 'ਤੇ ਸਲਾਹ ਦੇਣਾ। ਸੁਸਾਇਟੀ ਦੀ ਸਮਝ ਅਤੇ ਕੰਮ-ਕਾਰ ਉੱਪਰ ਕਿਸੇ ਵੀ ਤਰੀਕੇ ਨਾਲ ਪ੍ਰਭਾਵ ਪਾਉਂਣ ਵਾਲੇ ਕਾਨੂੰਨਾਂ, ਨਿਯਮਾਂ, ਹੁਕਮਾਂ, ਅਦਾਲਤੀ ਫੈਸਲਿਆਂ ਆਦਿ ਬਾਰੇ ਸੁਸਾਇਟੀ ਦੇ ਮੈਂਬਰਾਂ ਨੂੰ ਜਾਗਰੂਕ ਕਰਨਾ।

11. **ਵਿਦਿਆਰਥੀ ਚੇਤਨਾ ਵਿਭਾਗ-** ਵਿਦਿਆਰਥੀਆਂ ਵਿੱਚ ਵਿਗਿਆਨਕ ਵਿਚਾਰਾਂ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਜੁਟਾਏਗਾ। ਇਸ ਦੇ ਯਤਨ ਵਜੋਂ ਸਕੂਲਾਂ-ਕਾਲਜਾਂ ਵਿੱਚ ਲੇਖ, ਭਾਸ਼ਣ ਮੁਕਾਬਲੇ ਆਦਿ ਆਯੋਜਤ ਕਰਾਉਣੇ, ਉਸਾਰੂ ਸਾਹਿਤ ਪ੍ਰਤੀ ਰੁਚੀ ਪੈਦਾ ਕਰਨ ਅਤੇ ਚੇਤਨਾ ਪਰਖ ਪ੍ਰਖਿਆ ਵਰਗੇ ਪ੍ਰੋਗਰਾਮ ਉਲੀਕੇਗਾ।

12. **ਸਾਹਿਤ ਵੈਨ-** ਲੋਕਾਂ ਵਿੱਚ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਸਾਹਿਤ ਨੂੰ ਆਮ ਲੋਕਾਂ ਤੱਕ ਪੁਜਦਾ ਕਰਨ ਲਈ ਵਸੀਲੇ ਜੁਟਾਏਗਾ। ਸਾਹਿਤ ਵੈਨ ਦਾ ਹਰ ਤਰ੍ਹਾਂ ਨਾਲ ਸੰਚਾਲਨ ਕਰੇਗਾ। ਸਾਹਿਤ ਵਿਭਾਗ ਮੁੱਖੀ ਦੇ  ਸਹਿਯੋਗ ਨਾਲ ਸਾਹਿਤ ਵੈਨ ਲਈ ਕਿਤਾਬਾਂ ਦੀ ਖਰੀਦ ਕਰੇਗਾ।

13. **ਸੋਸ਼ਲ ਮੀਡੀਆ-** ਵਿਗਿਆਨਕ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਹਿੱਤ ਸੋਸ਼ਲ ਮੀਡੀਏ ਦੇ ਵੱਖ ਵੱਖ ਰੂਪਾਂ ਦੀ ਵਰਤੋਂ ਕਰੇਗਾ। ਸੋਸ਼ਲ ਮੀਡੀਏ ਲਈ ਪੋਸਟਾਂ ਤਿਆਰ ਕਰੇਗਾ। ਸੋਸ਼ਲ ਮੀਡੀਏ ਤੇ ਚਲਦੀਆਂ ਗੈਰ ਵਿਗਿਆਨਕ ਪੋਸਟਾਂ ਦਾ ਨੋਟਿਸ ਲਵੇਗਾ।

ਸੋਸ਼ਲ ਮੀਡੀਆ ਵਿਭਾਗ ਲਈ ਹਰ ਸੈਸ਼ਨ 'ਤੇ ਪੰਜ ਮੈਂਬਰੀ ਬੋਰਡ ਗਠਿਤ ਕੀਤਾ ਜਾਵੇਗਾ।

ਧਾਰਾ (ਘ)– ਮੀਟਿੰਗਾਂ

1. ਹਰ ਅਦਾਰੇ ਦੀ ਮੀਟਿੰਗ ਦੋ ਮਹੀਨੇ ਵਿੱਚ ਇੱਕ ਵਾਰ ਬੁਲਾਉਣੀ ਲਾਜ਼ਮੀ ਹੋਵੇਗੀ।

2. ਹਰ ਪੱਧਰ 'ਤੇ ਮੀਟਿੰਗ ਦਾ ਕੋਰਮ 50 ਪ੍ਰਤੀਸ਼ਤ ਪੂਰਾ ਮੰਨਿਆ ਜਾਵੇਗਾ।

3. ਜੋਨ ਪੱਧਰ 'ਤੇ ਇਜਲਾਸ ਤੋਂ ਛੇ ਮਹੀਨੇ ਬਾਅਦ ਛਿਮਾਹੀ ਇਕੱਤਰਤਾ ਹੋਵੇਗੀ। ਜਿਸ ਵਿੱਚ ਜੋਨ ਦੇ ਪੰਜਾਂ ਮੁਖੀਆਂ ਤੋਂ ਇਲਾਵਾ ਹਰ ਇਕਾਈ ਦੇ ਘੱਟੋ–ਘੱਟ ਪੰਜ ਮੈਂਬਰ ਸ਼ਾਮਲ ਹੋਣਗੇ।

4. ਇਜਲਾਸ ਤੋਂ ਇੱਕ ਸਾਲ ਬਾਅਦ ਸੂਬਾ ਪੱਧਰ 'ਤੇ ਇਕੱਤਰਤਾ ਹੋਵਗੀ ਜਿਸ ਵਿੱਚ ਤੇਰਾਂ ਸੂਬਾ ਮੁੱਖੀ, ਜੋਨਾਂ ਦੇ ਪੰਜੇ ਮੁਖੀਆਂ ਤੋਂ ਇਲਾਵਾ ਇਕਾਈ ਦੇ ਜਥੇਬੰਦਕ ਤੇ ਵਿੱਤ ਮੁਖੀ ਇਸਦੇ ਮੈਂਬਰ ਹੋਣਗੇ।

**ਧਾਰਾ (ਙ)– ਡੈਲੀਗੇਟ ਅਜਲਾਸ**

1. ਇਹ ਦੋ ਸਾਲ ਵਿੱਚ ਇੱਕ ਵਾਰ ਹੋਵੇਗਾ।

2. ਹਰ ਇਕਾਈ ਦਾ ਜੱਥੇਬੰਦਕ ਮੁਖੀ ਅਤੇ ਵਿੱਤ ਵਿਭਾਗ ਦਾ ਮੁਖੀ ਇਸ ਦੇ ਮੈਂਬਰ ਹੋਣਗੇ।

3. 10 ਮੈਬਰਾਂ ਮਗਰ ਇੱਕ ਡੈਲੀਗੇਟ ਹੋਵੇਗਾ ਭਾਵ 10 ਵਿੱਚੋਂ ਇੱਕ, 20 ਵਿੱਚੋਂ ਦੋ, 30 ਵਿੱਚੋਂ ਤਿੰਨ ਆਦਿ।

4. ਅਜਲਾਸ ਦਾ ਕੋਰਮ ਚੁਣੇ ਗਏ ਡੈਲੀਗੇਟਾਂ ਦਾ 50 ਪ੍ਰਤੀਸ਼ਤ ਪੂਰਾ ਮੰਨਿਆ ਜਾਵੇਗਾ।

5. ਅਜਲਾਸ ਵਿੱਚ ਪਿਛਲੇ ਸਾਲ ਦਾ ਲੇਖਾ–ਜੋਖਾ, ਆਮਦਨ ਖਰਚ ਦਾ ਹਿਸਾਬ–ਕਿਤਾਬ ਅਤੇ ਆਉਣ ਵਾਲੇ ਸਮੇਂ ਲਈ ਪ੍ਰੋਗਰਾਮ ਤਹਿ ਕਰੇਗਾ।

6. ਇਹ ਸੁਸਾਇਟੀ ਦਾ ਸਰਵਉੱਚ ਅਦਾਰਾ ਹੋਵੇਗਾ।

7. ਸੰਵਿਧਾਨ ਅਤੇ ਐਲਾਨਨਾਮੇ ਵਿੱਚ ਸੋਧ ਡੈਲੀਗੇਟ ਅਜਲਾਸ ਹੀ ਕਰੇਗਾ। ਸੋਧ ਕਰਨ ਲਈ ਹਾਜਰ ਮੈਂਬਰਾਂ ਦਾ 2/3 ਦਾ ਸਹਿਮਤ ਹੋਣਾ ਜਰੂਰੀ ਹੈ।

**ਧਾਰਾ (ਚ)– ਫੈਸਲੇ**

1. ਹਰ ਫੈਸਲਾ ਕਰਨ ਲਈ ਸਰਬਸੰਮਤੀ ਤੇ ਪਹੁੰਚਣ ਲਈ ਬਹਿਸ ਹੋਵੇਗੀ। ਸਰਬਸੰਮਤੀ ਨਾ ਹੋਣ ਦੀ ਹਾਲਤ ਵਿੱਚ ਬਹੁਸੰਮਤੀ ਦੇ ਫੈਸਲੇ ਨੂੰ ਮੰਨਣਾ ਤੇ ਲਾਗੂ ਕਰਨਾ ਲਾਜ਼ਮੀ ਹਵੇਗਾ।

2. ਉਪਰਲੇ ਅਦਾਰੇ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਹੇਠਲੇ ਅਦਾਰੇ ਪਾਬੰਦ ਹੋਣਗੇ।

3. ਹਰ ਮੈਂਬਰ ਆਪਣੇ ਅਦਾਰੇ ਅੰਦਰ ਹੀ ਬਹਿਸ ਕਰ ਸਕੇਗਾ ਅਤੇ ਆਪਣੇ ਵਿਚਾਰ ਵੀ ਸਬੰਧਤ ਅਦਾਰੇ ਵਿੱਚ ਹੀ ਰੱਖ ਸਕੇਗਾ। ਕਿਸੇ ਮਸਲੇ ਬਾਰੇ ਬਹਿਸ–ਵਿਚਾਰ ਸਬੰਧਤ ਅਦਾਰੇ ਵਿੱਚ ਹੀ ਹੋਵੇਗੀ।

**ਧਾਰਾ (ਛ)– ਕੰਮ**

1. ਕੰਮ ਦਾ ਖੇਤਰ ਸੀਮਿਤ ਨਹੀਂ ਹੋਵੇਗਾ। ਸੁਸਾਇਟੀ ਦੇ ਮੈਂਬਰ ਨੂੰ ਜਿੱਥੇ ਕਿਤੇ ਵੀ ਕਿਸੇ "ਗੈਰ ਵਿਗਿਆਨਕ" ਜਾਪਦੀ ਘਟਨਾ ਦਾ ਪਤਾ ਲੱਗੇ ਉਹ ਆਪਣੇ ਤੌਰ 'ਤੇ ਉਸਦੀ ਪੜਤਾਲ ਕਰੇਗਾ। ਅਸਮਰਥ ਹੋਣ 'ਤੇ ਆਪਣੀ ਇਕਾਈ ਵਿੱਚ ਰੱਖੇਗਾ। ਇਕਾਈ ਅਸਮਰਥ ਹੋਣ ਤੇ ਜੋਨ ਕਮੇਟੀ ਹੱਲ ਕਰੇਗੀ। ਜੋਨ ਕਮੇਟੀ ਦੇ ਅਸਮਰਥ ਹੋਣ 'ਤੇ ਕੇਸ ਸੂਬਾ ਕਮੇਟੀ ਕੋਲ ਜਾਵੇਗਾ।

2. ਸੂਬਾ ਕਮੇਟੀ ਕੋਲ ਸਿੱਧੇ ਆਏ ਕੇਸ ਇਲਾਕਾ ਕਮੇਟੀ ਨਾਲ ਤਾਲਮੇਲ ਕਰਕੇ ਹੱਲ ਕੀਤੇ ਜਾਣਗੇ।

3. ਇਕਾਈਆਂ ਹਰ ਤਰ੍ਹਾਂ ਦੀ ਸਮੱਗਰੀ ਜੋਨਾਂ ਤੋਂ ਪ੍ਰਾਪਤ ਕਰਨਗੀਆਂ।

4. ਜੋਨ ਲਈ ਪ੍ਰਾਪਤੀ ਕੀਤੀ ਸਮੱਗਰੀ ਦੀ ਜ਼ਿੰਮੇਵਾਰੀ ਜੱਥੇਬੰਦਕ ਮੁਖੀ ਅਤੇ ਵਿੱਤ ਮੁਖੀ ਦੀ ਨਿੱਜੀ ਹੋਵੇਗੀ।

5. ਮਾਨਸਿਕ ਸਮੱਸਿਆਵਾਂ ਦੇ ਸਲਾਹ ਕੇਂਦਰ ਸਬੰਧਿਤ ਵਿਭਾਗ ਤੈਅ ਕਰੇਗਾ।

**ਧਾਰਾ (ਜ)– ਫੰਡ**

1. ਮੈਂਬਰਸ਼ਿੱਪ ਅਤੇ ਚੰਦੇ ਛਪੀਆਂ ਹੋਈਆਂ ਰਸੀਦ ਬੁੱਕਾਂ ਤੋਂ ਕੱਟੇ ਜਾਣਗੇ। ਰਸੀਦ ਬੁੱਕਾਂ ਸੂਬਾ ਕਮੇਟੀ ਛਾਪੇਗੀ।

2. ਲੋੜ ਪੈਣ ’ਤੇ ਸੁਸਾਇਟੀ ਵਿਸ਼ੇਸ਼ ਫੰਡ ਇੱਕਠਾ ਕਰੇਗੀ।

3. ਇਕਾਈਆਂ ਆਪਣਾ ਖਰਚ ਇਕੱਠੀ ਹੋਈ ਫੀਸ ਅਤੇ ਚੰਦਿਆਂ ਤੋਂ ਚਲਾਉਣਗੀਆਂ। ਘਾਟਾ ਪੈਣ ਦੀ ਸੂਰਤ ਵਿੱਚ ਕਾਰਨ ਦੱਸ ਕੇ ਉਪਰਲੇ ਅਦਾਰੇ ਤੋਂ ਮਦਦ ਲਈ ਜਾ ਸਕਦੀ ਹੈ।

4. ਸੂਬਾ ਕਮੇਟੀ ਪ੍ਰਚਾਰ ਸਮੱਗਰੀ ਅਤੇ ਹੋਰ ਖਰਚਿਆਂ ਲਈ ਇਕਾਈਆਂ ਤੋਂ ਫੰਡ ਲਵੇਗੀ।

5. ਇਕਾਈਆਂ ਦੀ ਕੁੱਲ ਮੈਂਬਰਸ਼ਿੱਪ ਦਾ 60 ਪ੍ਰਤੀਸ਼ਤ ਸੂਬਾ ਕਮੇਟੀ ਕੋਲ, 20 ਪ੍ਰਤੀਸ਼ਤ ਜ਼ੋਨ ਕਮੇਟੀ ਕੋਲ ਅਤੇ 20 ਪ੍ਰਤੀਸ਼ਤ ਇਕਾਈ ਕੋਲ ਰਹੇਗਾ।

**ਧਾਰਾ (ਝ)– ਜਾਬਤੇ ਦੀ ਕਾਰਵਾਈ**

1. ਬਿਨਾਂ ਕਿਸੇ ਜਾਇਜ਼ ਕਾਰਨ ਦੇ ਲਗਾਤਾਰ ਤਿੰਨ ਮੀਟਿੰਗਾਂ ਵਿੱਚ ਗੈਰਹਾਜ਼ਰ ਰਹਿਣ ਤੇ ਸਪੱਸ਼ਟੀਕਰਨ ਦਾ ਮੌਕਾ ਦੇ ਕੇ ਉਸ ਵਿਰੁੱਧ ਜ਼ਾਬਤੇ ਦੀ ਕਾਰਵਾਈ ਕੀਤੀ ਜਾਵੇਗੀ।

2. ਪ੍ਰੋਗਰਾਮ, ਸੰਵਿਧਾਨ, ਐਲਾਨਨਾਮੇ, ਅਨੁਸ਼ਾਸਨ ਦੀ ਉਲੰਘਣਾ ਕਰਨ ਵਾਲੇ ਦੇ ਖਿਲਾਫ ਜ਼ਾਬਤੇ ਦੀ ਕਾਰਵਾਈ ਕੀਤੀ ਜਾਵੇਗੀ।

3. ਇਹ ਕਾਰਵਾਈ ਚਿਤਾਵਨੀ ਦੇਣ, ਅਧਿਕਾਰ ਘਟਾਉਣ, ਮੈਂਬਰਸ਼ਿੱਪ ਖਾਰਜ ਕਰਨ ਅਤੇ ਜਨਤਕ ਨਿਖੇਧੀ ਕਰਨ ਤੱਕ ਹੋ ਸਕਦੀ ਹੈ।

4. ਮੈਂਬਰਸ਼ਿੱਪ ਖਾਰਜ ਕਰਨ ਜਾਂ ਜਨਤਕ ਨਿਖੇਧੀ ਕਰਨ ਲਈ ਸੂਬਾ ਐਗਜੈਕਟਿਵ ਦੀ ਮਨਜੂਰੀ ਲੈਣੀ ਜਰੂਰੀ ਹੋਵੇਗੀ।

# ਚੁਣੌਤੀ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਇਹ ਐਲਾਨ ਕਰਦੀ ਹੈ ਕਿ ਇਹ ਪੰਜ ਲੱਖ ਰੁਪਏ ਦਾ ਇਨਾਮ ਦੁਨੀਆਂ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਅਖੌਤੀ ਚਮਤਕਾਰੀ ਜਾਂ ਅਖੌਤੀ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਦੇ ਮਿਲਣ ਤੱਕ ਖੁੱਲ੍ਹੀ ਰਹੇਗੀ।

ਦੇਵ-ਪੁਰਸ਼, ਸੰਤ, ਯੋਗੀ, ਸਿੱਧ, ਗੁਰੂ, ਸਵਾਮੀ ਅਤੇ ਹੋਰ ਦੂਸਰੇ ਰੂਹਾਨੀ ਕਸਰਤਾਂ ਰਾਹੀਂ ਜਾਂ ਪ੍ਰਮਾਤਮਾ ਦੀ ਭਗਤੀ ਰਾਹੀਂ ਕੋਈ ਅਨੋਖੀ ਸ਼ਕਤੀ ਪ੍ਰਾਪਤ ਕਰਨ ਦਾ ਦਾਅਵਾ ਕਰਦੇ ਹਨ, ਉਹ, ਇਸ ਇਨਾਮ ਨੂੰ ਹੇਠ ਲਿਖੇ ਚਮਤਕਾਰਾਂ ਵਿਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ ☚

1. ਜਿਹੜਾ ਸੀਲਬੰਦ ਕਰੰਸੀ ਨੋਟ ਦਾ ਲੜੀ ਨੰਬਰ ਪੜ੍ਹ ਸਕਦਾ ਹੋਵੇ।

2. ਜਿਹੜਾ ਕਰੰਸੀ ਨੋਟ ਦੀ ਠੀਕ ਨਕਲ ਉਸੇ ਸਮੇਂ ਪੈਦਾ ਕਰ ਸਕਦਾ ਹੋਵੇ।

3. ਜਿਹੜਾ ਬਲਦੀ ਹੋਈ ਅੱਗ ’ਤੇ, ਆਪਣੇ ਦੇਵੀ-ਦੇਵਤੇ ਦੀ ਸਹਾਇਤਾ ਨਾਲ ਅੱਧੇ ਮਿੰਟ ਲਈ ਬਿਨਾਂ ਜਲ਼ੇ ਨੰਗੇ ਪੈਰੀ ਖੜ ਸਕਦਾ ਹੋਵੇ।

4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿਚੋਂ ਪੇਸ਼ ਕਰ ਸਕਦਾ ਹੋਵੇ।

5. ਮਨੋ-ਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ।

6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ।

7. ਪ੍ਰਮਾਤਮਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਕੱਟੇ ਹੋਏ ਅੰਗ ਨੂੰ ਇੱਕ ਇੰਚ ਵਧਾ ਸਕੇ।

8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ।

9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ।

10. ਪਾਣੀ ਉੱਤੇ ਪੈਦਲ ਤੁਰ ਸਕੇ।

11. ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ।

12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ-ਕ੍ਰਿਆ ਰੋਕ ਸਕੇ।

13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ।

14. ਪੁਨਰ-ਜਨਮ ਦੇ ਤੌਰ ’ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ।

15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ।

16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ।

17. ਜਿੰਦਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ।

18. ਕਿਸੇ ਵਸਤੂ ਦਾ ਭਾਰ ਵਧਾ ਸਕੇ।

19. ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ।

20. ਪਾਣੀ ਨੂੰ ਸ਼ਰਾਬ ਜਾਂ ਪਟਰੌਲ ਜਾਂ ਵਿੱਚ ਬਦਲ ਸਕੇ।

21. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖ਼ੂਨ ਦੇ ਛਿੱਟੇ ਆਦਿ ਡਿੱਗਣ, ਜਾਂ ਕੱਪੜਿਆਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਪਿੱਛੇ ਗ਼ੈਬੀ ਸ਼ਕਤੀ ਦਾ ਹੱਥ ਸਿੱਧ ਕਰ ਸਕੇ।

22. ਅੱਖਾਂ ਬੰਦ ਕਰਨ ਉਪਰੰਤ ਕਿਸੇ ਲਿਖਤ ਨੂੰ ਸੁੰਘ ਕੇ ਪੜ੍ਹ ਸਕਦਾ ਹੋਵੇ।

23. ਅਜਿਹੇ ਜੋਤਸ਼ੀ ਅਤੇ ਪਾਂਡੇ ਜਿਹੜੇ ਇਹ ਕਹਿ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ ਕਿ ਜੋਤਿਸ਼ ਅਤੇ ਹੱਥ ਰੇਖਾ ਵਿਗਿਆਨਕ ਹਨ, ਸਾਡੇ ਇਨਾਮ ਨੂੰ ਜਿੱਤ ਸਕਦੇ ਹਨ, ਜੇਕਰ, ਉਹ ਦਸ ਜਨਮ-ਪੱਤਰੀਆਂ ਜਾਂ ਦਸ ਹੱਥ ਚਿੱਤਰਾਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਅਤੇ ਸਥਾਨ ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ ਠੀਕ ਦੱਸ ਸਕਣ। ਇਸ ਵਿੱਚ ਪੰਜ ਪ੍ਰਤੀਸ਼ਤ ਗ਼ਲਤੀ ਮੁਆਫ ਹੋਵੇਗੀ।

## ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ ☚

ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸ ਨੂੰ ਸਾਡੇ ਕੋਲ ਜਾਂ ਸਾਡੇ ਨਾਮਜ਼ਦ ਕੀਤੇ ਆਦਮੀ ਕੋਲ ਦਸ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮਾਂ ਕਰਾਉਣੇ ਪੈਣਗੇ। ਇਹ ਰਕਮ, ਇਨਾਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੀ ਜਾਵੇਗੀ। ਇਹ ਪੈਸੇ ਅਜਿਹੇ ਲੋਕਾਂ ਨੂੰ ਦੂਰ ਭਜਾਉਣ ਲਈ ਰੱਖੇ ਗਏ ਹਨ, ਜਿਹੜੇ ਕਿ ਸਸਤੀ ਸ਼ੋਹਰਤ ਭਾਲਦੇ ਹਨ।

2. ਕਿਸੇ ਆਦਮੀ ਦੀ ਚਣੌਤੀ ਉਸੇ ਹਾਲਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ, ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ।

3. ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਆਦਮੀ ਦੇ ਚਮਤਕਾਰ ਨੂੰ ਪਹਿਲਾਂ ਸੁਸਾਇਟੀ ਦੇ ਨਿਸ਼ਚਿਤ ਮੈਂਬਰ ਕਿਸੇ ਨਿਯਤ ਦਿਨ ਤੇ ਪਰਖਣਗੇ।

4. ਜੇ ਚੁਣੌਤੀ ਕਬੂਲ ਕਰਨ ਵਾਲਾ ਪਰਖ ਦਾ ਸਾਹਮਣਾ ਨਹੀਂ ਕਰਦਾ ਜਾਂ ਮੁਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸ ਦੀ ਜ਼ਮਾਨਤ ਜ਼ਬਤ ਹੋ ਜਾਵੇਗੀ।

5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ।

6. ਜੇਕਰ ਕੋਈ ਆਦਮੀ ਆਖ਼ਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸ ਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ।

7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੀ ਪੂਰਣ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਰਾਜਪਾਲ, ਮੁੱਖੀ ਸਾਹਿਤ ਵਿਭਾਗ ਨੇ ਅੱਪੂ ਆਰਟ ਪ੍ਰੈਸ, ਸ਼ਾਹਕੋਟ, ਜ਼ਿਲ੍ਹਾ ਜਲੰਧਰ ਤੋਂ ਛਪਵਾਕੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੇ ਮੁੱਖ ਦਫਤਰ ਤਰਕਸ਼ੀਲ ਭਵਨ, ਤਰਕਸ਼ੀਲ ਚੌਂਕ, ਬਰਨਾਲਾ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਪ੍ਰਣ-ਪੱਤਰ

ਮੈਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੀ.................................

ਇਕਾਈ ਦਾ ਮੈਂਬਰ ਇਹ ਪ੍ਰਣ ਕਰਦਾ/ ਕਰਦੀ ਹਾਂ ਕਿ-

1. ਮੈਂ ਵਿਗਿਆਨਕ ਸੋਚ ਦਾ/ਦੀ ਧਾਰਨੀ ਹਾਂ ਅਤੇ ਵਿਗਿਆਨਕ ਸੋਚ ਨੂੰ ਪ੍ਰਫੁੱਲਤ ਕਰਨ ਲਈ ਵੱਧ ਤੋਂ ਵੱਧ ਕੋਸ਼ਿਸ਼ ਕਰਦਾ ਰਹਾਂਗਾ/ਰਹਾਂਗੀ।

2. ਮੈਂ ਨੈਤਿਕ ਕਦਰਾਂ-ਕੀਮਤਾਂ ਦਾ/ਦੀ ਧਰਨੀ ਰਹਾਂਗਾ/ਰਹਾਂਗੀ।

3. ਮੈਂ ਕਿਸੇ ਧਾਰਮਿਕ ਸੰਸਥਾ ਜਾਂ ਜਾਤ-ਪਾਤ ਤੇ ਅਧਾਰਿਤ ਸੰਸਥਾ ਦਾ/ਦੀ ਮੈਂਬਰ ਨਹੀਂ ਬਣਾਂਗਾ/ ਬਣਾਂਗੀ।

4. ਮੈਂ ਹਰ ਕਿਸਮ ਦੇ ਪਖੰਡਾਂ, ਧਰਮਾਂ, ਭੂਤ-ਪ੍ਰੇਤ, ਆਤਮਾ-ਪ੍ਰਮਾਤਮਾ, ਜੋਤਿਸ਼, ਜਾਤ-ਪਾਤ ਅਤੇ ਹੋਰ ਗੈਰ ਵਿਗਿਆਨਕ ਗੱਲਾਂ ਵਿੱਚ ਵਿਸ਼ਵਾਸ ਨਹੀਂ ਰੱਖਦਾ/ਰੱਖਦੀ ਹਾਂ ਅਤੇ ਨਾ ਹੀ ਰੱਖਾਂਗਾ/ ਰੱਖਾਂਗੀ।

5. ਮੈਂ ਪਖੰਡਾਂ ਦੇ ਧਾਰਨੀਆਂ ਸਾਧਾਂ, ਸੰਤਾਂ, ਰਿਸ਼ੀਆਂ, ਸਵਾਮੀਆਂ ਦੁਆਰਾ ਭੋਲੇ-ਭਾਲੇ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਦਾ ਵਿਰੋਧ ਕਰਦਾ ਹਾਂ/ਕਰਦੀ ਹਾਂ ਅਤੇ ਇਹਨਾਂ ਲੁਟੇਰਿਆਂ ਦਾ ਆਪਣੀ ਸਮਰੱਥਾ ਅਨੁਸਾਰ ਪਰਦਾਫਾਸ਼ ਕਰਦਾ ਰਹਾਂਗਾ/ਕਰਦੀ ਰਹਾਂਗੀ।

6. ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਵਫਾਦਾਰ ਮੈਂਬਰ ਰਹਾਂਗਾ/ਰਹਾਂਗੀ।

7. ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਕਿਸੇ ਵੀ ਸਿਆਸੀ/ਨਿੱਜੀ ਮੰਤਵ ਲਈ ਨਹੀਂ ਵਰਤਾਂਗਾ/ ਵਰਤਾਂਗੀ।

ਹਸਤਾਖਰ

ਨਾਮ ..........................................

ਪਿਤਾ ਦਾ ਨਾਮ ..............................

ਮੌਜੂਦਾ ਪਤਾ .................................

.................................................

ਪੱਕਾ ਪਤਾ ....................................

.................................................

ਉਮਰ............. ਕਿੱਤਾ............. ਯੋਗਤਾ...........

ਹੋਰ ਵੇਰਵਾ ............

ਮਿਤੀ ................ ਹਸਤਾਖਰ (.........................)

# ਉਮੀਦਵਾਰ ਮੈਂਬਰ ਬਣਨ ਲਈ ਪ੍ਰਣ-ਪੱਤਰ

1. ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕੰਮ-ਕਾਜ ਨੂੰ ਸਮਾਜ ਵਿੱਚ ਅਗਾਂਵਧੂ ਸਮਝਦਾ/ਸਮਝਦੀ ਹਾਂ
2. ਮੈਂ ਅਪਣੀ ਬੋਧਿਕਤਾ ਨੂੰ ਹੋਰ ਉੱਚਾ ਚੁੱਕਣ ਅਤੇ ਪਕੇਰਾ ਕਰਨ ਲਈ ਸੁਸਾਇਟੀ ਦਾ ਉਮੀਦਵਾਰ ਮੈਂਬਰ ਬਣਨਾ ਚਾਹੁੰਦਾ/ਚਾਹੁੰਦੀ ਹਾਂ।
3. ਮੈਂ ਆਪਣੀ ਸਮਰੱਥਾ ਅਨੁਸਾਰ ਸੁਸਾਇਟੀ ਦੇ ਕਾਰਜ ਵਿੱਚ ਹਿੱਸਾ ਪਾਵਾਂਗਾ/ਪਾਵਾਂਗੀ।
4. ਮੈਂ ਨੈਤਿਕ ਕਦਰਾਂ-ਕੀਮਤਾਂ ਦਾ/ਦੀ ਧਰਨੀ ਰਹਾਂਗਾ/ਰਹਾਂਗੀ।
5. ਮੈਂ ਪਖੰਡੀਆਂ ਵੱਲੋਂ ਭੋਲੇ-ਭਾਲੇ ਲੋਕਾਂ ਦੀ ਕੀਤੀ ਜਾਂਦੀ ਲੁੱਟ ਦਾ ਵਿਰੋਧ ਕਰਦਾ/ਕਰਦੀ ਹਾਂ ਅਤੇ ਉਹਨਾਂ ਦਾ ਆਪਣੀ ਸਮਰੱਥਾ ਅਨੁਸਾਰ ਪਰਦਾਫਾਸ਼ ਕਰਦਾ ਰਹਾਂਗਾ/ਕਰਦੀ ਰਹਾਂਗੀ।
6. ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਕਿਸੇ ਵੀ ਸਿਆਸੀ/ਨਿੱਜੀ ਮੰਤਵ ਲਈ ਨਹੀਂ ਵਰਤਾਂਗਾ/ ਵਰਤਾਂਗੀ।
7. ਜਦੋਂ ਮੈਂ ਪੂਰਨ ਤੌਰ 'ਤੇ ਵਿਗਿਆਨਕ ਸੋਚ ਦਾ ਧਾਰਨੀ ਬਣ ਗਿਆ/ਗਈ ਤਾਂ ਮੈਂ ਮੈਂਬਰ ਬਣਨ ਲਈ ਮੈਂਬਰਸ਼ਿੱਪ ਵਾਲਾ ਪ੍ਰਣ ਪੱਤਰ ਭਰ ਦੇਵਾਂਗਾ/ਦੇਵਾਂਗੀ।

ਹਸਤਾਖਰ

ਨਾਮ ..........................................

ਪਿਤਾ ਦਾ ਨਾਮ ..............................

ਮੌਜੂਦਾ ਪਤਾ ................................

................................................

ਪੱਕਾ ਪਤਾ ...................................

................................................

ਉਮਰ.............. ਕਿੱਤਾ............. ਯੋਗਤਾ..............

ਹੋਰ ਵੇਰਵਾ ............

ਮਿਤੀ ............. ਹਸਤਾਖਰ (.......................)